International Journal of Applied Research 2017; 3(2): 486-489




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(2): 486-489
www.allresearchjournal.com
Received: 23-12-2016
Accepted: 27-01-2017

**ਡਾ. ਸੁਰਿੰਦਰ ਕੌਰ ਮਲਹੋਤਰਾ**
ਐਸੋਸੀਏਟ ਪ੍ਰੋਫ਼ੈਸਰ ਮੈਤ੍ਰੇਈ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

**Corresponding Author:**
**ਡਾ. ਸੁਰਿੰਦਰ ਕੌਰ ਮਲਹੋਤਰਾ**
ਐਸੋਸੀਏਟ ਪ੍ਰੋਫ਼ੈਸਰ ਮੈਤ੍ਰੇਈ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

# ਸ.ਨ. ਸੇਵਕ ਦਾ ਨਾਟਕ ‘ਮਦਾਰੀ’ : ਲੋਕ-ਨਾਟ ਰੂਪ ‘ਤਮਾਸ਼ਾ’ ਦਾ ਰੂਪਾਂਤਰਣ

**ਡਾ. ਸੁਰਿੰਦਰ ਕੌਰ ਮਲਹੋਤਰਾ**

## ਪ੍ਰਸਤਾਵਨਾ

ਸ.ਨ. ਸੇਵਕ ਦਾ ਨੁੱਕੜ ਨਾਟਕ ‘ਮਦਾਰੀ’ ਲੋਕ-ਨਾਟ ਰੂਪ ‘ਤਮਾਸ਼ਾ’ ਦਾ ਨਾਟਕੀ ਰੂਪਾਂਤਰਣ ਕਰਦਾ ਹੈ। ਨਾਟਕ ਦਾ ਸਿਰਲੇਖ ‘ਮਦਾਰੀ’ ਜਿੱਥੇ ਲੋਕ-ਨਾਟ-ਪਰੰਪਰਾ ਵੱਲ ਸੰਕੇਤ ਕਰਦਾ ਹੈ ਉਥੇ ਨਾਟਕਕਾਰ ਨੇ ਨਾਟਕ ਦੇ ਸਿਰਲੇਖ ਹੇਠਾਂ ‘ਨੁੱਕੜ ਨਾਟਕ’ ਅੰਕਿਤ ਕਰਕੇ ਇਸ ਦੀ ਨਾਟਕੀ-ਵਿਧਾ ਨੂੰ ਸਪੱਸ਼ਟ ਕਰ ਦਿੱਤਾ ਹੈ।

ਸ.ਨ. ਸੇਵਕ ਦੇ ਨਾਟਕ ‘ਮਦਾਰੀ’ ਬਾਰੇ ਚਰਚਾ ਕਰਨ ਤੋਂ ਪਹਿਲਾਂ ਲੋਕ-ਨਾਟ ਰੂਪ ‘ਤਮਾਸ਼ਾ’ ਅਤੇ ‘ਨੁੱਕੜ ਨਾਟਕ’ ਦੀਆਂ ਨਾਟਕੀ-ਵਿਸ਼ੇਸ਼ਤਾਵਾਂ ਬਾਰੇ ਜਾਣੂੰ ਹੋਣਾ ਬਹੁਤ ਜ਼ਰੂਰੀ ਹੈ। ਜੇ ਭਾਰਤੀ ਨਾਟ-ਪਰੰਪਰਾ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਨਾਟਕ ਦਾ ਸੰਬੰਧ ਹੜੱਪਾ ਤੇ ਮੋਹਿੰਜੋਦੜੋ-ਸਭਿਅਤਾ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਅਰਥਾਤ ਭਾਰਤੀ ਨਾਟ-ਪਰੰਪਰਾ ਦੇ ਸੰਕੇਤ ਪੁਰਾਤਨ ਸਮੇਂ ਤੋਂ ਹੀ ਮਿਲਦੇ ਹਨ। ਭਰਤ ਮੁਨੀ ਦਾ ‘ਨਾਟਯ-ਸ਼ਾਸਤਰ’ ਵੀ ਇਸੇ ਤੱਥ ਦੀ ਗਵਾਹੀ ਭਰਦਾ ਹੈ। ਨਾਟਕ ਨੂੰ ‘ਲੋਕ-ਨਾਟਕ’ ਅਤੇ ‘ਸ਼ਾਸਤਰੀ-ਨਾਟਕ’ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਵਿਦਵਾਨਾਂ ਦਾ ਮਤ ਹੈ ਕਿ ਲੋਕ-ਨਾਟਕ ਪਰੰਪਰਾ ਅਤੇ ਸ਼ਾਸਤਰੀ ਨਾਟਕ ਜਾਂ ਵਿਸ਼ਿਸ਼ਟ ਨਾਟਕ ਦੀ ਪਰੰਪਰਾ ਦਾ ਵਿਕਾਸ ਸਮਾਨਾਂਤਰ ਹੋਇਆ ਹੈ। ਜੇ ਇਕ ਨਾਟਕ-ਵਿਧਾ ਦਾ ਸੰਬੰਧ ਜਨ-ਸਾਧਾਰਣ ਨਾਲ ਹੈ ਤਾਂ ਦੂਜਾ ਬੁੱਧੀਜੀਵੀ ਵਰਗ ਨਾਲ ਸੰਬੰਧਿਤ ਹੈ। ਪਰ ਵਿਸ਼ਿਸ਼ਟ ਨਾਟਕ ਜਾਂ ਆਧੁਨਿਕ ਨਾਟਕ ਨੂੰ ਲੋਕ-ਨਾਟ ਨੇ ਆਰੰਭ ਤੋਂ ਹੀ ਬਹੁਤ ਪ੍ਰਭਾਵਿਤ ਕੀਤਾ ਹੈ। ਪੰਜਾਬ ਦੀ ਲੋਕ-ਨਾਟ ਪਰੰਪਰਾ ਵਿਚ ਨੌਟੰਕੀ, ਨਕਲਾਂ, ਰਾਮ ਲੀਲ੍ਹਾ, ਰਾਸ ਲੀਲ੍ਹਾ, ਗਿੱਧਾ, ਜਾਗੋ, ਜਲਸਾ, ਪੁਤਲੀ ਨਾਟ ਆਦਿ ਵੱਖ-ਵੱਖ ਲੋਕ-ਨਾਟ-ਰੂਪ ਸਦੀਆਂ ਤੋਂ ਪ੍ਰਚਲਿਤ ਹਨ। ਇਨ੍ਹਾਂ ਤੋਂ ਇਲਾਵਾ ਗੁੱਗਾ, ਬਾਜ਼ੀਗਰ, ਲੋਕ-ਤਮਾਸ਼ੇ, ਬਹੁਰੂਪੀਏ ਆਦਿ ਨੂੰ ਲੋਕ-ਨਾਟ ਦੇ ਅਲਪ-ਸਰੂਪਾਂ ਵਜੋਂ ਸਵੀਕਾਰ ਕੀਤਾ ਗਿਆ ਹੈ।[1] ਇਨ੍ਹਾਂ ਨਾਟ-ਰੂਪਾਂ ਦੀ ਰਚਨਾ ਜਨ-ਸਾਧਾਰਨ ਦੁਆਰਾ ਜਨ-ਸਾਧਾਰਨ ਦੇ ਮਨ-ਪਰਚਾਵੇ ਲਈ ਹੀ ਹੁੰਦੀ ਰਹੀ ਹੈ।

ਅਜੋਕੇ 'ਨੁੱਕੜ ਨਾਟਕ' ਦੇ ਵਿਧੀ-ਵਿਧਾਨ ਦੀ ਗੱਲ ਕਰੀਏ ਤਾਂ ਇਸ ਦਾ ਸੰਬੰਧ ਲੋਕ-ਨਾਟ-ਪਰੰਪਰਾ ਨਾਲ ਸਥਾਪਿਤ ਕੀਤਾ ਜਾ ਸਕਦਾ ਹੈ।

ਇਸ ਦੀ ਤੁਲਨਾ ਕਿਸੇ ਸੜਕ ਕਿਨਾਰੇ ਜਾਂ ਕਿਸੇ ਖੁੱਲ੍ਹੀ ਥਾਂ ਮਜਮਾ ਦਿਖਾ ਰਹੇ ਮਦਾਰੀ ਦੇ ਤਮਾਸ਼ੇ ਨਾਲ ਕੀਤੀ ਜਾ ਸਕਦੀ ਹੈ। ਹਾਲਾਂਕਿ ਪਰੰਪਰਕ ਲੋਕ-ਨਾਟ ਖੁੱਲ੍ਹੀਆਂ ਥਾਵਾਂ 'ਤੇ ਹੀ ਖੇਡੇ ਜਾਂਦੇ ਸਨ। ਪਰ ਅਜੋਕੇ 'ਨੁੱਕੜ ਨਾਟਕ' ਅਤੇ 'ਤਮਾਸ਼ਾ' ਲੋਕ-ਨਾਟ ਦੀ ਮੰਚਨ-ਵਿਧੀ ਵਿਚ ਕਾਫ਼ੀ ਸਮਾਨਤਾ ਹੈ। ਪੰਜਾਬ ਜਾਂ ਭਾਰਤੀ ਪਿੰਡਾਂ ਸ਼ਹਿਰਾਂ ਵਿਚ ਗਲੀ-ਮੁਹੱਲੇ ਜਾਂ ਚੁਰਸਤੇ ਆਦਿ ਵਿਚ 'ਤਮਾਸ਼ਾ' ਵਿਖਾਉਣ ਦੀ ਨਾਟ-ਪਰੰਪਰਾ ਆਮ ਪ੍ਰਚਲਿਤ ਰਹੀ ਹੈ। ਤਮਾਸ਼ਾ ਵਿਖਾਉਣ ਲਈ ਆਮ ਤੌਰ 'ਤੇ ਦੋ ਵਿਅਕਤੀ ਅਰਥਾਤ ਦੋ ਹੀ ਪਾਤਰ ਹੁੰਦੇ ਹਨ-ਉਸਤਾਦ (ਮਦਾਰੀ) ਅਤੇ ਜਮੂਰਾ। ਕਦੀ-ਕਦੀ ਤਮਾਸ਼ੇ ਦਾ ਪ੍ਰਦਰਸ਼ਨ ਇਕ ਵਿਅਕਤੀ ਦੁਆਰਾ ਵੀ ਕੀਤਾ ਜਾਂਦਾ ਹੈ। ਮਦਾਰੀ ਦੇ ਹੱਥ ਵਿਚ ਆਮ ਤੌਰ 'ਤੇ 'ਡਮਰੂ' ਹੁੰਦਾ ਹੈ ਅਤੇ ਤਮਾਸ਼ਾ ਵਿਖਾਉਣ ਲਈ ਕੁਝ ਅਦਭੁਤ ਵਸਤਾਂ। ਜਿਸ ਥਾਂ ਤਮਾਸ਼ਾ ਵਿਖਾਉਣਾ ਹੁੰਦਾ ਹੈ ਉਸ ਥਾਂ ਮਦਾਰੀ ਜ਼ੋਰ-ਜ਼ੋਰ ਦੀ ਡਮਰੂ ਵਜਾਉਂਦਾ ਹੈ ਅਤੇ ਜਮੂਰੇ ਨਾਲ ਦਿਲਚਸਪ ਵਾਰਤਾਲਾਪ ਆਰੰਭ ਕਰਦਾ ਹੈ। ਸਥਾਨਕ ਲੋਕ ਡਮਰੂ ਦੀ ਆਵਾਜ਼ ਸੁਣ ਕੇ ਮਦਾਰੀ ਅਤੇ ਜਮੂਰੇ ਦੇ ਇਰਦ-ਗਿਰਦ ਗੋਲ ਦਾਇਰਾ ਬਣਾ ਕੇ 'ਤਮਾਸ਼ਾ' ਵੇਖਣ ਲਈ ਇਕਤਰਿਤ ਹੋ ਜਾਂਦੇ ਹਨ। ਜਿਤਨੇ ਜ਼ਿਆਦਾ ਲੋਕ ਇਕੱਠੇ ਹੁੰਦੇ ਹਨ ਮਦਾਰੀ ਆਪਣੀ ਚੁਸਤ ਵਾਰਤਾਲਾਪ ਦੇ ਨਾਲ ਨਾਲ ਤਮਾਸ਼ੇ ਦੇ ਕੌਤਕ/ਕਰਤਬ ਦਿਖਾਉਂਦਾ ਹੈ। ਇਸ ਦੇ ਨਾਲ ਨਾਲ ਜਮੂਰੇ ਨਾਲ ਵੀ ਦਿਲਚਸਪ ਵਾਰਤਾਲਾਪ ਕਰਕੇ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ। ਤਮਾਸ਼ਾ ਵਿਖਾਉਂਦਿਆਂ ਉਹ ਅਕਸਰ ਭੀੜ ਵਿਚ ਖੜ੍ਹੋਤੇ ਵਿਅਕਤੀਆਂ ਨੂੰ ਵੀ ਤਮਾਸ਼ੇ ਦਾ ਅੰਗ ਬਣਾ ਲੈਂਦਾ ਹੈ ਤਾਂ ਜੋ ਉਨ੍ਹਾਂ ਦੇ ਮਨੋਰੰਜਨ ਵਿਚ ਹੋਰ ਵਾਧਾ ਕੀਤਾ ਜਾ ਸਕੇ। ਇਸ ਲੋਕ-ਨਾਟ ਰੂਪ ਦਾ ਮੁੱਖ ਉਦੇਸ਼ ਜਨ-ਸਾਧਾਰਣ ਦਾ ਮਨ-ਪਰਚਾਵਾ ਕਰਨਾ ਹੈ। ਪਰ ਮਦਾਰੀ-ਪਾਤਰ ਲਈ ਇਹ ਰੋਜ਼ੀ-ਰੋਟੀ ਕਮਾਉਣ ਦਾ ਸਾਧਨ ਵੀ ਹੈ।

'ਤਮਾਸ਼ਾ' ਨਾਟ-ਰੂਪ ਦੀ ਤੁਲਨਾ ਵਿਚ 'ਨੁੱਕੜ ਨਾਟਕ' ਵੀਹਵੀਂ ਸਦੀ ਵਿਚ ਵਿਕਸਿਤ ਹੋਇਆ। ਪਰ ਦੋਹਾਂ ਦੀ ਮੰਚਨ ਸ਼ੈਲੀ ਵਿਚ ਕਾਫ਼ੀ ਸਮਾਨਤਾ ਹੈ। 'ਤਮਾਸ਼ਾ' ਵਾਂਗ ਨੁੱਕੜ ਨਾਟਕ ਦੇ ਪ੍ਰਦਰਸ਼ਨ ਲਈ ਵੀ ਕਿਸੇ ਵਿਸ਼ੇਸ਼ ਰੰਗਮੰਚ ਜਾਂ ਬਹੁਤੇ ਸਾਜ਼ੋ-ਸਾਮਾਨ ਦੀ ਜ਼ਰੂਰਤ ਨਹੀਂ ਹੁੰਦੀ। ਕਿਸੇ ਵੀ ਖੁੱਲ੍ਹੀ ਥਾਂ, ਗਲੀ ਮੁਹੱਲੇ ਦੇ ਸਿਰੇ, ਚੁਰਸਤੇ ਜਾਂ ਸੜਕ ਦੇ ਕਿਨਾਰੇ ਇਸ ਨੂੰ ਬਾਖ਼ੂਬੀ ਖੇਡਿਆ ਜਾ ਸਕਦਾ ਹੈ ਤੇ ਜਨ-ਸਾਧਾਰਣ ਨੂੰ ਨਾਟਕ ਵੱਲ ਆਕਰਸ਼ਿਤ ਕੀਤਾ ਜਾ ਸਕਦਾ ਹੈ। ਪਰ ਕਈ ਪਹਿਲੂਆਂ ਤੋਂ ਨੁੱਕੜ ਨਾਟਕ 'ਤਮਾਸ਼ਾ' ਤੋਂ ਭਿੰਨ ਵੀ ਹੁੰਦਾ ਹੈ। ਇਸ ਨੂੰ ਖੇਡਣ ਲਈ ਪਾਤਰ ਆਮ ਤੌਰ ਤੇ ਦੋ ਤੋਂ ਵਧੀਕ ਹੁੰਦੇ ਹਨ। ਇਸ ਦਾ ਉਦੇਸ਼ ਜਨ-ਸਾਧਾਰਣ ਦਾ ਮਨੋਰੰਜਨ ਨਹੀਂ। ਸਗੋਂ ਇਹ ਅਜਿਹੀ ਨਾਟ-ਵਿਧਾ ਹੈ ਜੋ ਦਰਸ਼ਕਾਂ ਜਾਂ ਜਨ-ਸਾਧਾਰਣ ਨਾਲ ਸਿੱਧਾ ਸੰਵਾਦ ਸਥਾਪਤ ਕਰਦੀ ਹੈ। 'ਨੁੱਕੜ ਨਾਟਕ' ਦਾ ਉਦੇਸ਼ ਜਨ-ਸਾਧਾਰਣ ਨੂੰ ਕਈ ਸਮਾਜਕ ਵਰਤਾਰਿਆਂ ਬਾਰੇ ਚੇਤੰਨ ਅਤੇ ਜਾਗਰੂਕ ਕਰਨਾ ਹੈ। ਇਹ ਨਾਟਕ ਆਮ ਜਨਤਾ ਦੀ ਸੋਚ ਨੂੰ ਵੰਗਾਰਦੇ ਹਨ ਅਤੇ ਕਈ ਸਮਾਜਕ-ਰਾਜਨੀਤਕ-ਧਾਰਮਕ ਆਦਿ ਮਸਲਿਆਂ ਸਾਹਵੇਂ ਪ੍ਰਸ਼ਨ-ਚਿੰਨ੍ਹ ਲਗਾਉਂਦੇ ਹਨ।

ਜਦੋਂ ਅਸੀਂ ਸ.ਨ. ਸੇਵਕ ਦਾ ਨਾਟਕ 'ਮਦਾਰੀ' ਪੜ੍ਹਦੇ ਹਾਂ ਤਾਂ ਇਸ ਨੂੰ ਮਦਾਰੀ ਦੇ 'ਤਮਾਸ਼ਾ' ਲੋਕ-ਨਾਟ-ਰੂਪ ਦਾ ਨਾਟਕੀ ਰੂਪਾਂਤਰਣ ਕਿਹਾ ਜਾ ਸਕਦਾ ਹੈ। ਗੋਲ-ਦਾਇਰੇ ਵਿਚ ਇਕੱਤਰਿਤ ਦਰਸ਼ਕ-ਮੰਡਲੀ ਵਿਚ ਮੁੱਖ ਰੂਪ ਵਿਚ ਦੋ ਪਾਤਰ-ਉਸਤਾਦ ਅਤੇ ਜਮੂਰਾ ਨਾਟਕੀ-ਕਾਰਜ ਨਿਭਾਉਂਦੇ ਪ੍ਰਤੀਤ ਹੁੰਦੇ ਹਨ। ਬਾਕੀ ਦੇ ਪਾਤਰ-ਕਰਮ ਸਿੰਘ, ਕਰਮ ਚੰਦ, ਕਰਮ ਅਲੀ, ਕਰਮ ਮਸੀਹ, ਰਾਮ ਲਾਲ, ਰਤਨ ਚੰਦ, ਭਜਨ ਸਿੰਘ, ਲੱਖਾ ਸਿੰਘ, ਵਿਨੋਦ ਸ਼ਰਮਾ, ਭਾਗਵੰਤੀ ਦਰਸ਼ਕ-ਮੰਡਲੀ ਦਾ ਅੰਗ ਬਣੇ ਦਿਖਾਈ ਦੇਂਦੇ ਹਨ। ਇਸ ਤੋਂ ਇਲਾਵਾ ਇਸ ਨੁੱਕੜ ਨਾਟਕ ਵਿਚ ਇਕ 'ਸਿਪਾਹੀ' ਪਾਤਰ ਵੀ ਸ਼ਾਮਿਲ ਹੈ।

'ਉਸਤਾਦ' ਅਤੇ 'ਜਮੂਰਾ' ਦੋਹਾਂ ਨੇ ਕਾਲੇ ਰੰਗ ਦੇ ਚੋਲੇ ਪਾਏ ਹਨ। ਉਸਤਾਦ ਵਿਚਕਾਰਲੀ ਉਮਰ ਦਾ ਚੁਸਤ ਆਦਮੀ ਹੈ। ਉਸ ਨੇ ਕਾਲੇ ਰੰਗ ਦੀ ਟੋਪੀ ਪਾਈ ਹੋਈ ਹੈ ਤੇ ਉਸ ਦੇ ਹੱਥ ਵਿਚ ਕਾਲਾ ਡੰਡਾ ਹੈ। ਜ਼ਮੀਨ ਤੇ ਇਕ ਚਟਾਈ ਵਿਛੀ ਹੈ। ਉਸ ਉਪਰ ਚਾਦਰ ਵੀ ਕਾਲੀ ਵਿਛੀ ਹੈ ਤੇ ਇਕ ਡਮਰੂ ਪਿਆ ਹੋਇਆ ਹੈ। ਜਮੂਰਾ ਚੌਦਾਂ ਕੁ ਸਾਲ ਦਾ ਛੋਟਾ ਜਿਹਾ ਮੁੰਡਾ ਹੈ। ਉਹ ਸਹਿਮਿਆ ਹੋਇਆ ਲਗਦਾ ਹੈ ਤੇ ਉਸਤਾਦ ਵੱਲ ਭੈ ਭੀਤ ਹੋ ਕੇ ਵੇਖਦਾ ਹੈ। ਜਿਸ ਤਰ੍ਹਾਂ ਹੀ ਉਸਤਾਦ ਡਮਰੂ ਚੁੱਕ ਕੇ ਵਜਾਉਂਦਾ ਹੈ ਲੋਕ ਉਨ੍ਹਾਂ ਦੁਆਲੇ ਇਕ ਦਾਇਰੇ ਵਿਚ ਇਕੱਠੇ

ਹੋਣਾ ਸ਼ੁਰੂ ਹੋ ਜਾਂਦੇ ਹਨ। ਇਸ ਤੋਂ ਮਗਰੋਂ ਨਾਟਕ ਦਾ ਆਰੰਭ ਹੁੰਦਾ ਹੈ। ਮੰਚਨ-ਵਿਧੀ ਦੇ ਆਧਾਰ ਤੇ 'ਮਦਾਰੀ' ਨੁੱਕੜ ਨਾਟਕ ਨੂੰ 'ਤਮਾਸ਼ਾ' ਨਾਟ-ਰੂਪ ਨਾਲ ਤੁਲਨਾਇਆ ਜਾ ਸਕਦਾ ਹੈ। ਨਾਟਕ ਦੇ ਆਰੰਭ ਵਿਚ ਹੀ 'ਉਸਤਾਦ' ਪਾਤਰ ਦਰਸ਼ਕਾਂ ਨੂੰ ਸੰਬੋਧਿਤ ਹੁੰਦਾ ਹੈ।

> ਉਸਤਾਦ: ...ਅੱਜ ਦਾ ਤਮਾਸ਼ਾ ਸ਼ੁਰੂ ਹੋਣ ਵਾਲਾ ਹੈ। ਆਪਣੀ ਜੇਬ ਬਚਾ ਕੇ ਰੱਖਣਾ। ਆਪਣੀ ਅਕਲ ਗੰਵਾ ਕੇ ਰੱਖਣਾ, ਆਪਣਾ ਦਿਲ ਦਬਾ ਕੇ ਰੱਖਣਾ। ਫਿਰ ਨਾ ਕਹਿਣਾ ਉਸਤਾਦ ਨੇ ਦੱਸਿਆ ਨਹੀਂ ਸੀ। ਇਹ ਅਕੀਦਤਮੰਦਾਂ ਦਾ ਖੇਲ ਹੈ। ਇੱਥੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ। ਸਾਨੂੰ ਤਾਂ ਪਰਵਰ-ਦਿਗਾਰ ਨੇ ਆਪ ਭੇਜਿਆ ਹੈ। ਇਹ ਚਮਤਕਾਰੀ ਖੇਲ ਸਾਨੂੰ ਰੱਬ ਦੀ ਦੇਣ ਹੈ...ਉਸ ਰੱਬ ਦੀ ਜਿਹੜਾ ਦੁਨੀਆਂ ਦਾ ਮਾਲਕ ਹੈ, ਕੁਦਰਤ ਦਾ ਖ਼ਾਲਿਕ ਹੈ, ਜ਼ਮੀਨ ਅਸਮਾਨ ਦਾ ਮਾਲਿਕ ਹੈ।"[2]

ਨਾਟਕ ਦੇ ਆਰੰਭ ਤੋਂ ਹੀ ਉਸਤਾਦ ਅਤੇ ਜਮੂਰੇ ਦੀ ਵਾਰਤਾਲਾਪ ਚੁਸਤ ਅਤੇ ਦਿਲ ਖਿੱਚਵੀਂ ਹੈ। ਆਰੰਭ ਤੋਂ ਹੀ ਕਈ ਨਾਟਕੀ- ਜੁਗਤਾਂ ਦੀ ਵਰਤੋਂ ਕੀਤੀ ਗਈ ਹੈ। ਸਭ ਤੋਂ ਪਹਿਲਾ ਤਾਂ ਦਰਸ਼ਕ-ਮੰਡਲੀ ਵਿਚ ਖੜ੍ਹੇ ਵਿਅਕਤੀਆਂ ਦੇ ਮਨ ਵਿਚ ਇਹ ਭਰਮ ਪੈਦਾ ਕੀਤਾ ਜਾਂਦਾ ਹੈ ਕਿ ਜਮੂਰਾ ਜਾਣੀ-ਜਾਣ ਹੈ। ਇਸ ਨੂੰ ਧਰਤੀ, ਆਕਾਸ਼, ਪਾਤਾਲ ਆਦਿ ਹਰ ਥਾਂ ਦੀ ਖ਼ਬਰ ਹੈ। ਇਹ ਦਰਸ਼ਕਾਂ ਵਿਚ ਖੜ੍ਹੇ ਵਿਅਕਤੀਆਂ ਦੇ ਧਰਮ, ਨਾਮ, ਉਨ੍ਹਾਂ ਦੇ ਸਵਾਲ ਤੇ ਸਮੱਸਿਆਵਾਂ ਸਭ ਜਾਣਦਾ ਹੈ। ਇਹ ਦਰਸ਼ਕਾਂ ਦੇ ਹਰ ਸਵਾਲ ਦਾ ਜਵਾਬ ਦੇ ਸਕਦਾ ਹੈ। ਉਨ੍ਹਾਂ ਦੀ ਹਰ ਸਮੱਸਿਆ ਦਾ ਨਿਵਾਰਣ ਕਰ ਸਕਦਾ ਹੈ। ਜਿਉਂ-ਜਿਉਂ ਨਾਟਕੀ-ਕਾਰਜ ਅੱਗੇ ਵਧਦਾ ਹੈ ਨਾਟਕਕਾਰ ਸਾਡੇ ਸਮਾਜ ਵਿਚਲੀਆਂ ਉਨ੍ਹਾਂ ਸਥਿਤੀਆ ਦਾ ਪਰਦਾ-ਫ਼ਾਸ਼ ਕਰਦਾ ਹੈ, ਜਿਨ੍ਹਾਂ ਦਾ ਸੰਬੰਧ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਅੰਧ-ਵਿਸ਼ਵਾਸਾਂ ਵਿਚ ਜਕੜੀ ਭੋਲੀ-ਭਾਲੀ ਜਨਤਾ ਨਾਲ ਹੈ। ਦਰਸ਼ਕ *1* (ਰਾਮ ਲਾਲ) ਤੋਂ ਲੈ ਕੇ ਦਰਸ਼ਕ *2* (ਰਤਨ ਚੰਦ), ਦਰਸ਼ਕ *3* (ਭਜਨ ਸਿੰਘ), ਦਰਸ਼ਕ *4* (ਲੱਖਾ ਸਿੰਘ) ਅਤੇ ਦਰਸ਼ਕ 5 (ਵਿਨੋਦ ਸ਼ਰਮਾ) ਅਤੇ ਭਾਗਵੰਤੀ ਇਕ-ਇਕ ਕਰਕੇ ਉਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕਰਦੇ ਹਨ, ਜਿਨ੍ਹਾਂ ਕਾਰਣ ਉਹ ਜੀਵਨ ਵਿਚ ਅਸਫ਼ਲ ਜਾਂ ਦੁਖੀ ਹਨ। 'ਉਸਤਾਦ' ਨਾਟਕ ਵਿਚ ਨਾਂਹ-ਮੁਖ ਪਾਤਰ ਦਾ ਰੋਲ ਨਿਭਾਉਂਦਾ ਹੈ। ਉਹ ਇਨ੍ਹਾਂ 'ਦਰਸ਼ਕ' ਪਾਤਰਾਂ ਨੂੰ ਇਨ੍ਹਾਂ ਸਮੱਸਿਆਵਾਂ ਵਿਚੋਂ ਬਾਹਰ ਨਿਕਲਣ ਲਈ ਵੱਖ-ਵੱਖ 'ਕਾਰਗਰ ਉਪਾਅ' ਦਸ ਕੇ ਵਾਸਤਵ ਵਿਚ ਗੁਮਰਾਹ ਕਰਦਾ ਹੈ। ਨਾਟਕ ਵਿਚ ਇਕ ਤੋਂ ਬਾਅਦ ਇਕ ਵਿਅੰਗ ਭਰਪੂਰ ਸਥਿਤੀ ਪੇਸ਼ ਹੁੰਦੀ ਹੈ ਜੋ ਸਾਡੇ ਸਮਾਜ ਵਿਚ ਮੌਜੂਦ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਸਿੱਖਿਆ ਪ੍ਰਬੰਧ, ਦਾਜ ਵਰਗੀਆਂ ਕੁਰੀਤੀਆਂ, ਅੰਧ-ਵਿਸ਼ਵਾਸ ਆਦਿ ਨਾਲ ਸੰਬੰਧਿਤ ਹਨ।

ਨਾਟਕੀ-ਕਾਰਜ ਉਦੋਂ ਨਾਟਕੀ- ਟਕਰਾਉ ਦੀ ਸਥਿਤੀ ਵੱਲ ਵਿਕਾਸ ਕਰਦਾ ਹੈ ਜਦੋਂ ਕਰਮ ਸਿੰਘ, ਕਰਮ ਚੰਦ, ਕਰਮ ਅਲੀ ਅਤੇ ਕਰਮ ਮਸੀਹ ਪਾਤਰ ਦਰਸ਼ਕ-ਮੰਡਲੀ ਵਿੱਚੋਂ ਨਿਕਲ ਕੇ ਉਸਤਾਦ ਵੱਲ ਵਧਦੇ ਹਨ ਅਤੇ ਆਪੋ-ਆਪਣਾ ਸਵਾਲ ਲੈ ਕੇ ਉਸ ਤੋਂ ਜਵਾਬ ਮੰਗਦੇ ਹਨ। ਉਸਤਾਦ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਘਬਰਾ ਜਾਂਦਾ ਹੈ। ਉਨ੍ਹਾਂ ਦੀ ਵਾਰਤਾਲਾਪ ਤੋਂ ਸੰਕੇਤ ਮਿਲਦਾ ਹੈ ਕਿ ਉਹ ਉਸਤਾਦ ਦੇ 'ਡੇਰੇ' ਤੇ ਵੀ ਇਨ੍ਹਾਂ ਸੁਆਲਾਂ ਦੇ ਜੁਆਬ ਮੰਗਦੇ ਹਨ ਪਰ ਉਨ੍ਹਾਂ ਦੀ ਸੰਤੁਸ਼ਟੀ ਨਹੀਂ ਹੁੰਦੀ। 'ਉਸਤਾਦ' ਸਾਡੇ ਸਮਾਜ ਦੇ ਉਨ੍ਹਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਆਪਣੇ ਸਮਾਜਕ, ਧਾਰਮਕ ਜਾਂ ਰਾਜਸੀ ਹਿਤਾਂ ਦੀ ਪੂਰਤੀ ਖ਼ਾਤਿਰ ਸਮਾਜ ਵਿਚ ਧਰਮ, ਜ਼ਾਤ-ਪਾਤ, ਸ਼੍ਰੇਣੀ ਵਰਗ-ਵੰਡ ਦੇ ਆਧਾਰ ਤੇ ਲੋਕਾਂ ਵਿਚ ਮਤਭੇਦ ਪੈਦਾ ਕਰਦੇ ਹਨ, ਉਨ੍ਹਾਂ ਨੂੰ ਇਕ ਦੂਜੇ ਵਿਰੁੱਧ ਭੜਕਾਉਂਦੇ ਹਨ, ਲੜਾਉਂਦੇ ਹਨ ਅਤੇ ਹਿੰਸਾ ਪੈਦਾ ਕਰਦੇ ਹਨ। ਇਲਾਕੇ ਵਿਚ ਦਫ਼ਾ *44* (ਚੁਤਾਲੀ) ਲੱਗੇ ਹੋਣ ਦੇ ਬਾਵਜੂਦ ਸਿਪਾਹੀ ਨੂੰ ਰਿਸ਼ਵਤ ਦੇ ਕੇ ਉਸਤਾਦ ਦਾ ਅਜਿਹਾ 'ਤਮਾਸ਼ਾ' ਜਾਰੀ ਰਖਣਾ ਇਕ ਹੋਰ ਵਿਅੰਗ ਭਰਪੂਰ ਸਥਿਤੀ ਨੂੰ ਪੇਸ਼ ਕਰਦਾ ਹੈ। ਹੌਲੀ ਹੌਲੀ ਨਾਟਕ ਸਿਖ਼ਰ ਵੱਲ ਵੱਧਦਾ ਹੈ ਤੇ ਕਰਮ ਸਿੰਘ, ਕਰਮ ਚੰਦ, ਕਰਮ ਅਲੀ, ਕਰਮ ਮਸੀਹ ਵਰਗੇ ਪਾਤਰ ਉਸਤਾਦ ਦੀਆਂ ਚਾਲਾਕੀਆਂ ਨੂੰ ਸਮਝ ਕੇ ਉਸ ਨੂੰ ਘੇਰ ਲੈਂਦੇ ਹਨ। ਉਹ ਉਸਦੀਆਂ ਸਮਾਜ ਵਿਚ ਮਤਭੇਦ ਪੈਦਾ ਕਰਨ ਅਤੇ 'ਡੇਰੇ' ਤੇ ਲੋਕਾਂ ਨੂੰ ਇਕ ਦੂਜੇ ਦੇ ਖ਼ਿਲਾਫ਼ ਭੜਕਾਉਣ ਦੀਆਂ ਸਾਜ਼ਿਸ਼ਾਂ ਕਰਨ ਬਾਰੇ ਸੁਚੇਤ ਹੁੰਦੇ ਹਨ। ਉਹ ਇਕ ਜੁੱਟ ਹੋ ਕੇ ਉਸ ਤੋਂ ਆਪਣੇ ਸਵਾਲ ਦਾ ਜਵਾਬ ਮੰਗਦੇ ਹਨ ਅਤੇ ਉਸ ਨੂੰ ਘੇਰ ਲੈਂਦੇ ਹਨ। ਉਸਤਾਦ ਭੋਲੀ-

ਭਾਲੀ ਜਨਤਾ ਸਾਹਵੇਂ ਇਨ੍ਹਾਂ ਪਾਤਰਾਂ ਨੂੰ ਝੂਠਾ ਅਤੇ ਕਾਫ਼ਿਰ ਕਰਾਰ ਦੇਂਦਾ ਹੈ। ਦਰਸ਼ਕ-ਮੰਡਲੀ ਇਨ੍ਹਾਂ ਚੌਹਾਂ ਪਾਤਰਾਂ ਦੇ, ਜੋ ਵੱਖ-ਵੱਖ ਧਰਮਾਂ ਦੇ ਨੁਮਾਇੰਦੇ ਹਨ, ਪਹਿਲਾਂ ਤਾਂ ਖ਼ਿਲਾਫ਼ ਵੱਧਦੀ ਹੈ। ਪਰ ਛੇਤੀ ਹੀ ਇਹ ਪਾਤਰ ਉਨ੍ਹਾਂ ਦਾ ਭਰਮ ਤੋੜਦੇ ਹਨ। ਲੋਕਾਂ ਦੀ ਇਹ ਭੀੜ ਜੋ ਨਾਟਕ ਦੀ ਦਰਸ਼ਕ-ਮੰਡਲੀ ਦਾ ਹੀ ਅੰਗ ਹੈ, ਚੇਤੰਨ ਹੁੰਦੀ ਹੈ ਅਤੇ 'ਉਸਤਾਦ' ਵਰਗੇ ਸਮਾਜ ਵਿਚ ਨਫ਼ਰਤ ਤੇ ਹਿੰਸਾ ਫੈਲਾਉਣ ਵਾਲੇ ਆਗੂ ਨੂੰ ਘੇਰ ਲੈਂਦੀ ਹੈ। ਜਮੂਰਾ ਉਸ ਲੋਕ-ਵਰਗ ਦੀ ਪ੍ਰਤੀਨਿਧਤਾ ਕਰਦਾ ਹੈ, ਜਿਸ ਨੂੰ ਡਰਾ-ਧਮਕਾ ਕੇ, ਆਪਣੇ ਵੱਸ ਵਿਚ ਕਰਕੇ, ਆਪਣੇ ਹਿਤਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਹੈ। ਨਾਟਕ ਦਾ ਅੰਤ ਬਹੁਤ ਪ੍ਰਭਾਵਸ਼ਾਲੀ ਹੈ। ਕਰਮ ਸਿੰਘ, ਕਰਮ ਚੰਦ, ਕਰਮ ਅਲੀ, ਕਰਮ ਮਸੀਹ ਪਾਤਰ ਲੋਕਾਂ ਨਾਲ ਮਿਲ ਕੇ ਉਸਤਾਦ ਨੂੰ ਸਮਾਜ ਦਾ ਦੁਸ਼ਮਣ, ਗੁਨਾਹਗਾਰ ਸਾਬਿਤ ਕਰਦੇ ਹਨ ਅਤੇ ਸਰਬ ਸਾਂਝੀ ਮਨੁੱਖਤਾ ਦੇ ਨਾਅਰੇ ਲਗਾਉਂਦੇ ਹਨ 'ਮਾਨਸ ਕੀ ਜਾਤ ਸਭੇ ਏਕੇ ਪਹਿਚਾਨਬੋ, ਇਸ ਮਦਾਰੀ ਨੂੰ...ਖਤਮ ਕਰੋ, ਫਿਰਕਾ ਪ੍ਰਸਤੀ...ਮੁਰਦਾਬਾਦ !, ਲੋਕ ਏਕਤਾ...ਜ਼ਿੰਦਾਬਾਦ ! 'ਉਸਤਾਦ' ਅਤੇ ਆਮ ਲੋਕਾਂ ਦੀ ਟੱਕਰ ਵਿਚ ਉਸਤਾਦ ਦਾ ਕੰਬਦੇ ਹੋਏ ਡਿਗ ਜਾਣਾ ਆਮ ਲੋਕਾਂ ਦੇ ਸਮਾਜਕ-ਰਾਜਸੀ-ਧਾਰਮਕ ਸਥਿਤੀਆਂ ਪ੍ਰਤੀ ਜਾਗਰੁਕ ਹੋਣ ਦਾ ਸੰਦੇਸ਼ ਦੇਂਦਾ ਹੈ। ਜਮੂਰਾ ਕਾਲਾ ਚੋਲਾ ਉਤਾਰ ਕੇ ਸੁੱਟ ਦੇਂਦਾ ਹੈ ਜੋ ਉਸ ਉਸਤਾਦ ਦੀ 'ਉਸਤਾਦੀ' ਤੋਂ ਆਜ਼ਾਦ ਹੋਣ ਦਾ ਸੂਚਕ ਹੈ। ਜਨ-ਸਾਧਾਰਣ ਅੰਦਰ ਇਹੀ ਚੇਤਨਾ ਜਗਾਉਣਾ 'ਮਦਾਰੀ' ਨੁੱਕੜ ਨਾਟਕ ਦਾ ਉਦੇਸ਼ ਹੈ।

ਨਾਟਕਕਾਰ ਸ.ਨ. ਸੇਵਕ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਾਡੇ ਸਮਾਜ ਵਿਚ ਕਾਰਜਸ਼ੀਲ ਉਨ੍ਹਾਂ ਲੋਕਾਂ ਦਾ ਪਾਜ਼ ਉਘਾੜਿਆ ਹੈ ਜੋ ਧਰਮ ਅਤੇ ਸ਼੍ਰੇਣੀ-ਵੰਡ ਦਾ ਸਹਾਰਾ ਲੈ ਕੇ ਲੋਕਾਂ ਨੂੰ ਇਕ ਦੂਜੇ ਦੇ ਵਿਰੁੱਧ ਕਰਦੇ ਹਨ। ਇਹ ਨਾਟਕ ਆਮ ਭੋਲੀ-ਭਾਲੀ ਜਨਤਾ ਜਾਂ ਜਨ-ਸਾਧਾਰਣ ਨੂੰ ਗੁਮਰਾਹ ਹੋਣ ਦੀ ਥਾਵੇਂ ਚੇਤੰਨ ਅਤੇ ਜਾਗਰੁਕ ਕਰਨ ਦਾ ਯਤਨ ਕਰਦਾ ਹੈ।

ਨਾਟਕੀ ਰੂਪਾਂਤਰਣ ਦੇ ਨੁਕਤੇ ਤੋਂ ਵੇਖੀਏ ਤਾਂ ਕਿਹਾ ਜਾ ਸਕਦਾ ਹੈ ਕਿ ਸ.ਨ. ਸੇਵਕ ਦਾ ਨਾਟਕ 'ਮਦਾਰੀ-- ਨੁੱਕੜ ਨਾਟਕ', ਪੰਜਾਬੀ ਲੋਕ-ਨਾਟ ਰੂਪ 'ਤਮਾਸ਼ਾ' ਦਾ ਰੂਪਾਂਤਰਿਤ ਰੂਪ ਹੈ ਅਤੇ ਇਸ ਨੂੰ ਬਾਖ਼ੂਬੀ ਸਫ਼ਲਤਾ ਨਾਲ ਨਿਭਾਇਆ ਗਿਆ ਹੈ।

## ਹਵਾਲੇ


1. ਰਵੇਲ ਸਿੰਘ (ਡਾ.), 'ਪੰਜਾਬ ਦੀ ਲੋਕ-ਨਾਟ ਪਰੰਪਰਾ ਤੇ ਪੰਜਾਬੀ ਨਾਟਕ', ਪੰਨਾ 65.
2. ਸ.ਨ. ਸੇਵਕ, 'ਮਦਾਰੀ', ਰਵੇਲ ਸਿੰਘ (*ਡਾ.*) (*ਸੰਪਾ.*), 'ਲੋਕ ਨਾਟਕੀ: ਨਾਟ-ਰੂਪ', ਪੰਨਾ 90.


## ਸਹਾਇਕ ਪੁਸਤਕਾਂ


1. ਭਾਟੀਆ, ਹਰਿਭਜਨ ਸਿੰਘ (ਸੰਪਾ.), 'ਇੱਕੀਵੀਂ ਸਦੀ ਦਾ ਪੰਜਾਬੀ ਨਾਟਕ - ਸਰੂਪ ਤੇ ਸੰਭਾਵਨਾਵਾਂ'
2. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2015
3. ਰਵੇਲ ਸਿੰਘ (ਡਾ.) (ਸੰਪਾ.), 'ਲੋਕ ਨਾਟਕੀ: ਨਾਟ-ਰੂਪ', ਸ਼ਿਲਾਲੇਖ, ਦਿੱਲੀ, 2011
4. ਰਵੇਲ ਸਿੰਘ (ਡਾ.), 'ਪੰਜਾਬ ਦੀ ਲੋਕ-ਨਾਟ ਪਰੰਪਰਾ ਤੇ ਪੰਜਾਬੀ ਨਾਟਕ', ਸ਼ਿਲਾਲੇਖ ਬੁਕਸ, ਦਿੱਲੀ, 2001
5. ਵਰਮਾ, ਸਤੀਸ਼ ਕੁਮਾਰ, 'ਪੰਜਾਬੀ ਰੰਗ ਮੰਚ ਦੀ ਭੂਮਿਕਾ', ਬਿਸ਼ਨ ਚੰਦ ਐਂਡ ਸੰਸ, ਦਿੱਲੀ, 2002